# UNIVERSITY QUESTION PAPER—2019

## B.A. PART—II (P.U.)

## PUNJABI (Compulsory)

## (For B.A. Only and Shastri)

## THIRD SEMESTER

**Time Allowed : 3 Hours]** **[Maximum Marks : 45**

1. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਨਿਬੰਧ ਦਾ ਵਿਸ਼ਾ ਦੱਸ ਕੇ ਸਾਰ ਲਿਖੋ :

(ੳ) (*i*) ਪੰਜਾਬ ਦੇ ਅਖਾਣਾਂ ਦੀ ਵਿਚਾਰਧਾਰਾ

(*ii*) 'ਗਿੱਧਾ' ਧਰਤੀ ਮਾਤਾ ਦੀ ਪੂਜਾ ਦਾ ਨਾਚ

(*iii*) ਪੰਜਾਬ ਦੀ ਲੋਕ-ਧਾਰਾ ਅਤੇ ਮਾਨਵੀਂ ਚੇਤਨਾ । 10

(ਅ) ਕਿਸੇ **ਇੱਕ** ਸਭਿਆਚਾਰਕ ਸੰਕਲਪ ਨੂੰ ਸਪੱਸ਼ਟ ਕਰੋ :

(*i*) ਇਸ਼ਟ

(*ii*) ਲੋਕ-ਗੀਤ

(*iii*) ਤਿਓਹਾਰ ਤੇ ਮੇਲਾ । 5

2. ਪੰਜ ਆਬ ਪੁਸਤਕ ਦੇ ਅਧਾਰ 'ਤੇ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਪੰਜ** ਪ੍ਰਸ਼ਨ ਹੱਲ ਕਰੋ :

(*i*) 'ਮਾਤਾ ਰਾਣੀ ਦਾ ਖੋਤੜਾ' ਕਿਸਨੂੰ ਤੇ ਕਿਉਂ ਕਿਹਾ ਜਾਂਦਾ ਹੈ ?

(*ii*) ਲੋਕਗਾਨ ਦੀ ਸਿਰਜਣਾ ਕਿਵੇਂ ਹੁੰਦੀ ਹੈ ?

(*iii*) ਬੱਚੇ ਦੇ ਜਨਮ ਨਾਲ ਸੰਬੰਧਿਤ ਵਹਿਮਾਂ ਭਰਮਾਂ ਦਾ ਉਲੇਖ ਕਰੋ ।

(*iv*) 'ਤੋੜਾ' ਕੀ ਹੁੰਦਾ ਹੈ ? ਤੋੜਾ ਆਉਣ ਤੇ ਗਿੱਧਾ ਪਾਉਣ ਵਾਲੀਆਂ ਅਦਾਕਾਰਾਂ ਕੀ ਕਰਦੀਆਂ ਹਨ ?

(*v*) ਕਬੱਡੀ ਖੇਡ ਬਾਰੇ ਤੁਸੀਂ ਕੀ ਜਾਣਦੇ ਹੋ ?

(*vi*) ਮੇਲੇ ਅਤੇ ਤਿਓਹਾਰ ਵਿੱਚ ਕੀ ਵੱਖਰਤਾ ਹੈ ?

(*vii*) ਪੰਜਾਬ ਨੂੰ ਗੁਰੂਆਂ ਤੇ ਰਿਸ਼ੀਆਂ-ਮੁਨੀਆਂ ਦਾ ਪੰਘੂੜਾ ਕਿਉਂ ਕਿਹਾ ਜਾਂਦਾ ਹੈ ?

(*viii*) ਕੀ ਵਿਗਿਆਨਕ ਚਿਕਿਤਸਾ ਦੇ ਆਉਂਣ ਨਾਲ ਲੋਕ-ਚਿਕਿਤਸਾ ਦੀ ਹੋਂਦ ਮੁੱਕ ਜਾਵੇਗੀ ? $1 \times 5 = 5$

3. ਪੰਜਾਬ ਦੇ ਕਿਸਾਨਾਂ ਵਿੱਚ ਪੈਦਾ ਹੋਣ ਵਾਲੇ ਆਤਮ-ਹੱਤਿਆਵਾਂ ਦੇ ਰੁਝਾਨ ਤੇ ਇਸਦੇ ਕਾਰਨਾਂ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ।

***ਜਾਂ***

ਪੰਜਾਬੀ ਗੀਤਕਾਰੀ ਤੇ ਸੰਗੀਤ ਜਗਤ ਵਿੱਚ ਵਪਾਰਕ ਰੁਝਾਨ ਅਧੀਨ ਗੁੰਡਾਗਰਦੀ, ਨੰਗੇਜਵਾਦ ਤੇ ਨਸ਼ਿਆਂ ਨੂੰ ਉਤਸਾਹਿਤ ਕਰਨਾ ਕਿੱਥੋਂ ਤੱਕ ਜਾਇਜ਼ ਹੈ ? ਇਸ ਸੰਬੰਧ ਵਿੱਚ ਆਪਣੇ ਵਿਚਾਰ ਦਿੰਦੇ ਹੋਏ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ । 8

**4.** ਪੰਜਾਬੀ ਭਾਸ਼ਾ ਦੇ ਉਹ ਕਿਹੜੇ ਗੁਣ ਹਨ, ਜਿਨ੍ਹਾਂ ਕਰਕੇ ਪੰਜਾਬੀ ਇੱਕ ਵੱਖਰੀ ਭਾਸ਼ਾ ਮੰਨੀ ਜਾ ਸਕਦੀ ਹੈ ?

***ਜਾਂ***

ਭਾਸ਼ਾ ਦਾ ਟਕਸਾਲੀ ਰੂਪ ਕੀ ਹੁੰਦਾ ਹੈ ਤੇ ਪੰਜਾਬੀ ਭਾਸ਼ਾ ਦਾ ਟਕਸਾਲੀ ਰੂਪ ਕਿਹੜਾ ਹੈ ? 7

**5.** (ੳ) ਪੰਜਾਬੀ ਸ਼ਬਦਾਂ ਦੇ ਵਰਗੀਕਰਨ ਦੇ ਕਿਹੜੇ-ਕਿਹੜੇ ਆਧਾਰ ਹਨ ?

***ਜਾਂ***

ਵਿਸ਼ੇਸ਼ਣ ਦੀ ਪਰਿਭਾਸ਼ਾ ਦਿਉ ਤੇ ਇਸ ਦੀਆਂ ਕਿਸਮਾਂ ਦੱਸੋ । 6

(ਅ) ਹੇਠ ਲਿਖਿਆਂ ਵਿੱਚੋਂ ਕੋਈ **ਦੋ** ਪ੍ਰਸ਼ਨ ਹੱਲ ਕਰੋ :

(*i*) ਹੇਠ ਲਿਖੇ ਵਾਕ ਵਿੱਚੋਂ ਕਾਰਕ ਚੁਣੋ ਤੇ ਉਸਦੀ ਕਿਸਮ ਦੱਸੋ :
ਇਸ ਸਿੱਖ ਦਾ ਇੱਕੋ ਇੱਕ ਪੁੱਤਰ ਸੀ ।

(*ii*) ਹੇਠ ਲਿਖੇ ਵਾਕ ਵਿੱਚੋਂ ਕਿਰਿਆ ਤੇ ਸਹਾਇਕ ਕਿਰਿਆ ਦੱਸੋ :
ਗੱਡੀ ਆਪਣੀ ਮੰਜਿਲ ਵੱਲ ਵਧ ਰਹੀ ਸੀ ।

(*iii*) ਹੇਠ ਲਿਖੇ ਵਾਕ ਵਿੱਚੋਂ ਸੰਬੰਧਕ ਚੁਣੋ :
ਥੰਮ ਨੇ ਪੈਰਾਂ ਦਾ ਸੰਗਲ ਤੋੜ ਦਿੱਤਾ ।

(*iv*) ਹੇਠ ਲਿਖੇ ਵਾਕ ਵਿੱਚੋਂ ਵਿਸਮਿਕ ਚੁਣੋ :
ਬੱਲੇ-ਬੱਲੇ ! ਸ਼ੇਰਾ ਤੇਰੇ ਤੋਂ ਇਹੀ ਉਮੀਦ ਸੀ । 2 + 2 = 4

# UNIVERSITY QUESTION PAPER—2021

## B.A./B.Sc. (General) PART—II (P.U.)

## PUNJABI (Compulsory)

## (For B.A. only & Shastri)

### THIRD SEMESTER

Time Allowed : 3 Hours] [Maximum Marks : 45

**ਨੋਟ– ਸੁੰਦਰ ਤੇ ਸਪੱਸ਼ਟ ਲਿਖਿਆ ਜਾਵੇ । ਭਾਗਾਂ ਵਾਲੇ ਪ੍ਰਸ਼ਨ ਇੱਕ ਥਾਂ ਤੇ ਇਕੱਠੇ ਹੱਲ ਕੀਤੇ ਜਾਣ ।**

**1.** (ੳ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਨਿਬੰਧ ਦਾ ਵਿਸ਼ਾ ਦੱਸ ਕੇ ਸਾਰ ਲਿਖੋ–

(1) ਮੇਰੇ ਪਿੰਡ ਦੇ ਇਸ਼ਟ

(2) ਲੋਕ-ਗੀਤਾਂ ਵਿੱਚ ਇਤਿਹਾਸ

(3) ਪੰਜਾਬ ਦੀਆਂ ਵਿਰਾਸਤੀ ਖੇਡਾਂ । (10)

(ਅ) ਕਿਸੇ ਇੱਕ ਸਭਿਆਚਾਰਕ ਸੰਕਲਪ ਨੂੰ ਸਪੱਸ਼ਟ ਕਰੋ–

(1) ਲੋਕ-ਵਿਸ਼ਵਾਸ

(2) ਗਿੱਧਾ

(3) ਲੋਕ-ਚਿਕਿੱਤਸਾ । (5)

**2.** 'ਪੰਜ-ਆਬ' ਪੁਸਤਕ ਦੇ ਆਧਾਰ 'ਤੇ ਨਿਮਨਲਿਖਤ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ (ਉੱਤਰ ਤਿੰਨ ਸਤਰਾਂ ਤੋਂ ਵੱਧ ਨਾ ਹੋਵੇ)–

(1) ਸਿੱਧ ਬਾਬਾ ਕੌਣ ਹੈ ? ਗਿੱਲ ਗੋਤ ਵਾਲੇ ਇਸਦੀ ਮਾਨਤਾ ਕਿਸ ਤਰ੍ਹਾਂ ਕਰਦੇ ਹਨ ?

(2) ਪੰਜਾਬੀ ਅਖਾਣ ਅਤੇ ਲੋਕ-ਗੀਤ ਵਿੱਚ ਕੀ ਅੰਤਰ ਹੈ ?

(3) ਜੱਚਾ-ਬੱਚਾ ਨੂੰ ਕਾਲੀ ਨਜ਼ਰ ਤੋਂ ਬਚਾਉਣ ਲਈ ਕੀ ਕੀਤਾ ਜਾਂਦਾ ਹੈ ?

(4) ਰੁੱਧ-ਖੋਟ ਦੂਰ ਕਰਨ ਲਈ ਕੀ ਕੀਤਾ ਜਾਂਦਾ ਹੈ ?

(5) ਬਸੰਤ ਰੁੱਤ ਵਿੱਚ ਕਾਂਗੜੇ ਦੀ ਵਾਦੀ ਵਿੱਚ ਸਿੰਬਲ ਦਾ ਰੁੱਖ ਕਿਹੋ ਜਿਹਾ ਪ੍ਰਤੀਤ ਹੁੰਦਾ ਹੈ ?

(6) ਕਾਲੀਦਾਸ ਆਪਣੇ ਸਮੇਂ ਦੀਆਂ ਔਰਤਾਂ ਦੇ ਸ਼ਿੰਗਾਰ ਦਾ ਵਰਣਨ ਕਿਵੇਂ ਕਰਦਾ ਹੈ ?

(7) ਗਿੱਧੇ ਦੀਆਂ ਬੋਲੀਆਂ ਵਿੱਚ ਕੀ ਕਾਮਨਾ ਕੀਤੀ ਜਾਂਦੀ ਹੈ ?

(8) ਲੋਕ-ਧਾਰਾ ਦੀ ਸਿਰਜਣਾ ਕਿਵੇਂ ਹੁੰਦੀ ਹੈ ? (5 × 1)

**3.** ਅਵਾਰਾ ਪਸ਼ੂਆਂ ਦੀ ਸਮੱਸਿਆ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ

***ਜਾਂ***

ਤੁਹਾਡੇ ਪਿੰਡ ਦੇ ਨੇੜੇ-ਤੇੜੇ ਕੋਈ ਹਸਪਤਾਲ ਜਾਂ ਡਿਸਪੈਂਸਰੀ ਨਹੀਂ, ਸਿਹਤ-ਮੰਤਰੀ ਨੂੰ ਪੱਤਰ ਲਿਖੋ, ਜਿਸ ਵਿੱਚ ਆਪਣੇ ਪਿੰਡ ਵਿੱਚ ਡਿਸਪੈਂਸਰੀ ਖੋਲ੍ਹਣ ਦੀ ਲੋੜ ਬਾਰੇ ਬੇਨਤੀ ਕੀਤੀ ਹੋਵੇ । (8)

**4.** ਪੰਜਾਬੀ ਭਾਸ਼ਾ ਦੇ ਉਹ ਕਿਹੜੇ ਪਛਾਣ-ਚਿੰਨ੍ਹ ਹਨ, ਜਿਨ੍ਹਾਂ ਕਰਕੇ ਪੰਜਾਬੀ ਇੱਕ ਵੱਖਰੀ ਭਾਸ਼ਾ ਮੰਨੀ ਜਾ ਸਕਦੀ ਹੈ ?

***ਜਾਂ***

ਪੰਜਾਬੀ ਭਾਸ਼ਾ ਦੀ ਬਣਤਰ ਬਾਰੇ ਸੰਖੇਪ ਵਿਚ ਜਾਣਕਾਰੀ ਦਿਓ । (7)

**5.** (ੳ) ਪੰਜਾਬੀ ਸ਼ਬਦਾਂ ਦੇ ਵਰਗੀਕਰਨ ਦੇ ਕਿਹੜੇ-ਕਿਹੜੇ ਆਧਾਰ ਹਨ ?

***ਜਾਂ***

ਵਿਸ਼ੇਸ਼ਣ ਕੀ ਹੁੰਦਾ ਹੈ ? ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ । (6)

(ਅ) ਨਿਮਨਲਿਖਤ ਵਿੱਚੋਂ ਕੋਈ ਦੋ ਪ੍ਰਸ਼ਨ ਹੱਲ ਕਰੋ–

(1) ਹੇਠ ਲਿਖੇ ਵਾਕ ਵਿੱਚੋਂ ਕਾਰਕ ਚੁਣੋ–
ਅੱਨੇ ਨੂੰ ਉਨ੍ਹਾਂ ਦੇ ਘਰ ਵਿੱਚੋਂ ਆਵਾਜ਼ਾਂ ਆਉਣ ਲੱਗ ਪਈਆਂ ।

(2) ਹੇਠ ਲਿਖੇ ਵਾਕ ਵਿੱਚੋਂ ਸੰਬੰਧਕ ਚੁਣੋ–
ਉਸਨੇ ਡਿਪਟੀ ਕਮਿਸ਼ਨਰ ਤੋਂ ਇਕ ਫੌਜੀ ਟਰੱਕ ਦਾ ਪਰਮਿਟ ਲਿਆ ।

(3) ਕੋਈ 4 ਸਮਾਸੀ ਸ਼ਬਦ ਲਿਖੋ ।

(4) 'ਲਾ' ਅਤੇ 'ਕੁ' ਅਗੇਤਰ ਲਗਾ ਕੇ ਦੋ-ਦੋ ਸ਼ਬਦ ਲਿਖੋ ।

(2 + 2)

oooooooooooooooo